ਵਿਸ਼ਾ ਪੰਜਾਬੀ ਜਮਾਤ ਨੌਵੀਂ ਦਸਵੀਂ

ਨਗਰਪਾਲਿਕਾ ਦੇ ਪ੍ਰਧਾਨ/ ਪਿੰਡ ਦੇ ਸਰਪੰਚ ਨੂੰ ਗ਼ਲੀਆਂ ਨਾਲ਼ੀਆਂ ਦੀ ਮੁਰੰਮਤ ਸਫ਼ਾਈ ਲਈ ਬਿਨੈ-ਪੱਤਰ।

ਸੇਵਾ ਵਿਖੇ

ਪ੍ਰਧਾਨ ਸਾਹਿਬ,

ਨਗਰ ਪਾਲਿਕਾ,

ਖਰੜ।

ਵਿਸ਼ਾ :- ਮੁਹੱਲੇ ਦੀਆਂ ਗ਼ਲੀਆਂ ਅਤੇ ਨਾਲ਼ੀਆਂ ਦੀ ਮੁਰੰਮਤ ਸਬੰਧੀ।

ਸ੍ਰੀਮਾਨ ਜੀ/ ਸ੍ਰੀਮਤੀ ਜੀ,

ਬੇਨਤੀ ਹੈ ਕਿ ਸਾਡੇ ਨਗਰ ਦੇ ਵਾਰਡ ਨੰਬਰ ਪੰਜ ਦੀਆਂ

ਗ਼ਲੀਆਂ ਤੇ ਨਾਲ਼ੀਆਂ ਦੀ ਹਾਲਤ ਬਹੁਤ ਹੀ ਖ਼ਰਾਬ ਹੈ।

ਗ਼ਲੀਆਂ ਵਿਚ ਥਾਂ-ਥਾਂ ਟੋਏ ਪਏ ਹੋਏ ਹਨ।



ਇਹ ਟੋਏ ਹਰ ਸਮੇਂ ਨਾਲੀਆਂ ਦੇ ਗੰਦੇ ਪਾਣੀ ਨਾਲ ਭਰੇ ਰਹਿੰਦੇ ਹਨ। ਬਰਸਾਤ ਦੇ ਦਿਨਾਂ ਵਿਚ ਤਾਂ ਇਨ੍ਹਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ।



ਇਸ ਵਾਰਡ ਦੀਆਂ ਗਲੀਆਂ ਵਿੱਚ ਸਾਈਕਲ, ਸਕੂਟਰ, ਰਿਕਸ਼ੇ ਆਦਿ ਗਲ਼ੀਆਂ ਦੇ ਚਿੱਕੜ ਵਿੱਚ ਬੁਰੀ ਤਰ੍ਹਾਂ ਫਸ ਜਾਂਦੇ ਹਨ। ਬਾਹਰੋਂ ਆਉਣ ਵਾਲੇ ਲੋਕਾਂ ਨੂੰ ਤਾਂ ਹੋਰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।



ਇਸ ਸਮੇਂ ਸਾਰੇ ਮੁਹੱਲੇ ਵਿੱਚ ਗੰਦਗੀ ਜਮ੍ਹਾਂ ਹੋ ਗਈ ਹੈ ਅਤੇ ਮੱਛਰ ਵੀ ਬਹੁਤ ਹੋ ਗਿਆ ਹੈ।



ਜੇ ਅਧਿਕਾਰੀਆਂ ਵੱਲੋਂ ਨਾਲ਼ੀਆਂ ਅਤੇ ਗ਼ਲੀਆਂ ਦੀ ਮੁਰੰਮਤ ਤੁਰੰਤ ਨਾ ਕਰਵਾਈ ਗਈ ਤਾਂ ਮੁਹੱਲੇ ਵਿੱਚ ਕੋਈ ਨਾ ਕੋਈ ਗੰਭੀਰ ਬਿਮਾਰੀ ਫੈਲ ਜਾਣ ਦਾ ਡਰ ਹੈ।

ਆਪ ਦਾ ਵਿਸ਼ਵਾਸ ਪਾਤਰ ,

ਹਰਜੋਤ ਸਿੰਘ।

ਵਾਰਡ ਨੰਬਰ ਪੰਜ,

ਮਿਤੀ 15 ਅਪ੍ਰੈਲ 2020.

**ਤਿਆਰ ਕਰਤਾ**

**ਸੰਦੀਪ ਸਿੰਘ ਜੱਸਲ  ਪੰਜਾਬੀ ਮਾਸਟਰ**

**ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)**

**ਮੋਬਾਈਲ  8437626373**

